**ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**
**ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ,**
**ਫੋਨ ਨੰਬਰ: 0172-2212221**

---

**ਵੱਲ**

**ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ)**
**ਸਮੂਹ ਡਾਈਟ ਪ੍ਰਿੰਸੀਪਲ**
**ਪੰਜਾਬ।**

**ਮੀਮੋ ਨੰ:** SCERT/PPPP/PRS-/2021/51050 **ਮਿਤੀ:-** 07.05.2021

**ਵਿਸ਼ਾ: 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਕੰਮ ਕਰਦੇ ਬੀ.ਐੱਮ.ਟੀ. ਦੇ ਕੰਮ ਅਤੇ ਜ਼ਿੰਮੇਵਾਰੀਆਂ ਸਬੰਧੀ।**

**ਹਵਾਲਾ:- ਮੀਮੋ ਨੰ.: 8/9-2017 ਸ.ਡ.ਮੁਲ.ਅੰ ਮਿਤੀ 09.08.2017**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਅੰਦਰ ਗੁਣਾਤਮਿਕ ਸੁਧਾਰਾਂ ਦੇ ਉਦੇਸ਼ ਨਾਲ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। ਇਸ ਪ੍ਰੋਜੈਕਟ ਤਹਿਤ ਕੰਮ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਪ੍ਰਾਇਮਰੀ ਪੱਧਰ ਦੀ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਨੂੰ ਨਵਿਆਉਣ ਦਾ ਕੰਮ ਕੀਤਾ ਗਿਆ ਹੈ। ਜ਼ਿਲ੍ਹਿਆਂ ਤੋਂ ਪ੍ਰਾਪਤ ਹੋਈਆਂ ਤਜਵੀਜ਼ਾਂ ਅਨੁਸਾਰ ਹਰੇਕ ਬਲਾਕ ਅੰਦਰ ਘੱਟੋਂ-ਘੱਟ 02 ਬਲਾਕ ਮਾਸਟਰ ਟ੍ਰੇਨਰ (ਬੀ.ਐੱਮ.ਟੀ.) ਲਗਾਏ ਗਏ ਹਨ।

3.0 ਇਸ ਸਬੰਧ ਵਿੱਚ ਆਪ ਜੀ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਹਵਾਲਾ ਅਧੀਨ ਪੱਤਰ ਤਹਿਤ ਪਹਿਲਾਂ ਜਾਰੀ ਹੋਈਆਂ ਹਦਾਇਤਾਂ ਤੋਂ ਇਲਾਵਾ ਬਲਾਕ ਪੱਧਰ 'ਤੇ ਲਗਾਏ ਗਏ ਬੀ.ਐੱਮ.ਟੀ. ਹੇਠ ਲਿਖੇ ਅਨੁਸਾਰ ਕੰਮ ਅਤੇ ਜ਼ਿੰਮੇਵਾਰੀਆਂ ਨਿਭਾਉਣਗੇ:-

3.1 ਬਲਾਕ ਪੱਧਰ 'ਤੇ ਲਗਾਏ ਗਏ ਬੀ.ਐੱਮ.ਟੀ. ਨੂੰ ਸਕੂਲ ਵਿਜ਼ਿਟ ਕਰਨ ਲਈ ਸਕੂਲਾਂ ਦੀ ਵੰਡ ਕਰਕੇ ਅਲਾਟਮੈਂਟ ਕੀਤੀ ਜਾਵੇ।

3.2 ਹਰ ਬੀ.ਐੱਮ.ਟੀ. ਦੁਆਰਾ ਰੋਜ਼ਾਨਾ 02 ਸਕੂਲ ਵਿਜ਼ਿਟ ਕੀਤੇ ਜਾਣਗੇ। ਪਹਿਲਾਂ ਸਕੂਲ ਦੁਪਹਿਰ ਤੋਂ ਪਹਿਲਾਂ ਅਤੇ ਦੂਸਰਾ ਸਕੂਲ ਦੁਪਹਿਰ ਤੋਂ ਬਾਅਦ ਵਿਜ਼ਿਟ ਕੀਤਾ ਜਾਵੇਗਾ।

3.3 ਹਰ ਬੀ.ਐੱਮ.ਟੀ. ਆਪਣਾ ਅਡਵਾਂਸ ਵਿਜ਼ਿਟ ਪਲਾਨ ਬਣਾ ਕੇ ਇਸ ਦੀ ਜਾਣਕਾਰੀ, ਜ਼ਿਲ੍ਹਾ ਕੋਆਰਡੀਨੇਟਰ, ਬੀ.ਪੀ.ਈ.ਓ. ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨੂੰ ਦੇਣਗੇ।

3.4 ਬੀ.ਐੱਮ.ਟੀ. ਆਪਣੇ ਅਲਾਟ ਕੀਤੇ ਸਕੂਲਾਂ ਵਿੱਚ ਗੁਣਾਤਮਿਕ ਸਿੱਖਿਆ ਨਾਲ ਸਮੇਂ-ਸਮੇਂ 'ਤੇ ਦਿੱਤੇ ਜਾਂਦੇ ਕੰਮਾਂ ਸਬੰਧੀ ਜ਼ਿੰਮੇਵਾਰੀਆਂ ਨਿਭਾਉਣ ਲਈ ਜ਼ਿੰਮੇਵਾਰ ਹੋਣਗੇ।

4.0 ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਤਹਿਤ ਲਗਾਏ ਗਏ ਟੀਮ ਮੈਂਬਰਾਂ ਦੀ ਥਾਂ 'ਤੇ ਬੱਚਿਆਂ ਦੀ ਗਿਣਤੀ ਅਨੁਸਾਰ, ਜੇਕਰ ਸਕੂਲ ਅੰਦਰ ਅਧਿਆਪਕ ਪੂਰੇ ਨਹੀਂ ਹਨ ਤਾਂ ਇਹਨਾਂ ਦੀ ਥਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਦੁਆਰਾ ਬਦਲਵਾਂ ਪ੍ਰਬੰਧ ਕਰਨਾ ਜ਼ਰੂਰੀ ਹੋਵੇਗਾ।

5.0 ਬਲਾਕ ਪੱਧਰ 'ਤੇ ਲਗਾਏ ਗਏ ਬੀ.ਐੱਮ.ਟੀ. ਨੂੰ ਪਹਿਲਾਂ ਤੋਂ ਕੰਮ ਕਰ ਰਹੇ ਬੀ.ਐੱਮ.ਟੀ. ਦੀ ਤਰਜ਼ 'ਤੇ ਹੀ ਟੀ.ਏ./ਮਾਣਭੱਤਾ ਦਿੱਤਾ ਜਾਵੇਗਾ।

6.0 ਹੁਕਮਾਂ ਦੀ ਇੰਨ੍ਹ-ਬਿੰਨ ਪਾਲਣਾ ਕੀਤੀ ਜਾਵੇ।

ਸ. 7/5/21

**ਡਾਇਰੈਕਟਰ, ਐੱਸ.ਸੀ.ਈ.ਆਰ.ਟੀ**
**ਪੰਜਾਬ।**

**ਪਿੱਠ ਅੰਕਣ ਨੰ.** **ਮਿਤੀ:**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆਂ ਜਾਂਦਾ ਹੈ:**

1. **ਪੀ.ਏ.ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ**
2. **ਪੀ.ਏ.ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
3. **ਡੀ.ਪੀ.ਆਈ (ਐ.ਸਿੱ), ਪੰਜਾਬ।**
4. **ਵਿੱਤ ਸ਼ਾਖਾ, ਸਮਗਰਾ ਸਿੱਖਿਆ ਅਭਿਆਨ, ਪੰਜਾਬ।**

-ਸਹੀ-

**ਡਾਇਰੈਕਟਰ, ਐੱਸ.ਸੀ.ਈ.ਆਰ.ਟੀ**
**ਪੰਜਾਬ।**